੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਜਵਾਨਾਂ ਦਾ ਰਾਖਾ

G- 274


—:ਲੇਖਕ:—

ਭਾਈ ਮੋਹਨ ਸਿੰਘ ਜੀ ਵੈਦ



—ਮਿਲਨ ਦਾ ਪਤਾ—

ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ

ਤਰਨ ਤਾਰਨ (ਪੰਜਾਬ)

# ਦੇਸ਼ ਤੇ ਕੌਮ ਦੀਆਂ ਆਸਾਂ

ਦੇ ਭੰਡਾਰ, ਸੁੰਦਰ ਜਵਾਨ ਚੜ੍ਹਦੀ ਜਵਾਨੀ ਵਿਚ ਖੋਟੀ ਸੰਗਤ ਕਰਕੇ ਬਦੀਆਂ ਦਾ ਸ਼ਿਕਾਰ ਹੋ ਕੇ ਦੁੱਖਾਂ ਨਾਲ ਤੜਫਦੇ ਵੇਖ ਕੇ ਡਾਢਾ ਹੀ ਤਰਸ ਉਪਜਦਾ ਹੈ। ਇਸ ਦੁਖ ਮਈ ਦਸ਼ਾ ਵਿਚ ਡਾਢਾ ਵਿਰਲਾਪ ਤੇ ਪਛਤਾਵਾ ਕਰਦੇ ਹਨ, ਪਰ ਪਹਿਲੇ ਨਹੀਂ ਸਮਝਦੇ, ਸਮਝਨ ਭੀ ਕਿਸ ਤਰਾਂ, ਓਨ੍ਹਾਂ ਨੂੰ ਆਪਣੀ ਤਾਂ ਵਿਚਾਰ ਹੀ ਨਹੀਂ ਤੇ ਮਾਤਾ ਪਿਤਾ ਜਾਂ ਉਸਤਾਦ ਵਲੋਂ ਕੋਈ ਆਵਾਜ਼ ਹੀ ਨਹੀਂ ਮਿਲਦੀ ਕਿ

**"ਹੇ ਜਵਾਨੀ ਦੇ ਮੱਤੇ ਆਪਣੇ ਮਨ ਦੀ ਰਾਖੀ ਕਰ!
ਆਪਣੇ ਸ੍ਰੀਰ ਨੂੰ ਸੰਭਾਲ, ਤਾਂ ਜੋ ਕਿਤੇ**
ਜਵਾਨੀ ਦੀ ਹਨੇਰੀ ਦੇ ਘੱਟੇ ਹੇਠ ਦੱਬਿਆ ਹੀ ਨਾ ਜਾਵੇਂ, ਜਿਸ ਤੇ
ਤੇਰੀ ਬਾਕੀ ਅਵਸਥਾ ਤੇ ਅਰੋਗਤਾ ਦਾ **ਅਮੋਲਕ ਖ਼ਜ਼ਾਨਾ**
ਅਜਾਈਂ ਲੁਟਿਆ ਨਾ ਜਾਵੇ!"

ਇਨ੍ਹਾਂ ਵਿਚਾਰਾਂ ਨੂੰ ਹੀ ਸਾਹਮਣੇ ਰੱਖਦਿਆਂ ਹੋਇਆਂ ਇਹ ਪੁਸਤਕ

## ਜੀਵਨ ਰੱਖਯਾ

ਲਿਖੀ ਗਈ ਹੈ, ਜਿਸ ਵਿਚ ਜਵਾਨੀ ਤੇ ਵਿੱਦਯਾ ਪ੍ਰਾਪਤੀ ਦੇ ਸਮੇਂ ਜੀਵਨ ਨੂੰ ਕੁਕਰਮਾਂ ਦੇ ਭੁੱਲਾਂ ਤੋਂ ਬਚਾ ਕੇ ਸੁਖੀ ਰਖਣ ਦੇ ਢੰਗ, ਜਵਾਨੀ ਦੀ ਮੂਰਖਤਾ ਤੋਂ ਉਤਪੰਨ ਹੋਏ ਦੁਖਾਂ ਦੇ ਉਪਾਵ, ਬ੍ਰਹਮਚਰਯ ਦੀ ਰੱਖਯਾ ਤੇ ਅਰੋਗਤਾ ਕਾਇਮ ਰਖਣ ਦੇ ਨਿਯਮ ਆਦਿਕ ਬੜੀ ਚੰਗੀ ਤਰਾਂ ਦੱਸੇ ਗਏ ਹਨ। ਭੇਟਾ ਸਿਰਫ ਅੱਠ ਆਨੇ। ਮੰਗਾਨ ਦਾ ਪਤਾ:-

**ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ
ਤਰਨ ਤਾਰਨ (ਪੰਜਾਬ)**

ਸਭ ਹੱਕ ਰਾਖਵੇਂ ਹਨ

"ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥"

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੩੮

# ਜਵਾਨਾਂ ਦਾ ਰਾਖਾ

Young Men's Protector

ਜਿਸ ਵਿਚ

ਜਵਾਨੀ ਦੀ ਰਖਯਾ ਕਰਨ ਤੇ ਜਵਾਨੀ ਦੀ ਹਨੇਰੀ ਤੋਂ ਬਚਨ, ਜਵਾਨੀ ਦੀ ਅਗਯਾਨਤਾ ਵਿਚ ਕੀਤੇ ਕੁਕਰਮਾਂ ਦੇ ਖੋਟੇ ਨਤੀਜੇ, ਭੈੜੇ ਦੁਖ ਤੇ ਰੋਗ, ਅਰ ਇਨ੍ਹਾਂ ਤੋਂ ਬਚਨ ਦੇ ਉਪਦੇਸ਼ ਆਦਿਕ ਬੜੀ ਚੰਗੀ ਤਰਾਂ ਦਸੇ ਹਨ!

ਲੇਖਕ
**ਭਾਈ ਮੋਹਨ ਸਿੰਘ ਜੀ ਵੈਦ**
ਮਿਊਨਸਿਪਲ ਕਮਿਸ਼ਨਰ ਤਰਨਤਾਰਨ(ਪੰਜਾਬ)

ਪ੍ਰਕਾਸ਼ਕ
**ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ**
ਤਰਨ ਤਾਰਨ (ਪੰਜਾਬ) [ਜੂਨ ੧੯੩੦

"ਗੁਰੂ ਖਾਲਸਾ ਪ੍ਰੈਸ" ਅੰਮ੍ਰਿਤਸਰ ਵਿਚ ਸ੍ਰ: ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਯਾ।

ਤੀਜੀ ਵਾਰ

24939

੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

## ਬੇਨਤੀ !

ਦੇਸ਼, ਕੌਮ ਤੇ ਕੁਲ ਦੀ ਉੱਨਤੀ ਦੀਆਂ ਆਸਾਂ ਉਮੈਦਾਂ ਦਾ ਭੰਡਾਰ ਨਵੀਂ ਸੰਤਾਨ ਦੀ ਵਰਤਮਾਨ ਅਵਸਥਾ ਦੇਸ ਦੀ ਅਗਲੀ ਹੋਣ ਹਾਰ ਸੰਤਾਨ ਦੇ ਵਾਸਤੇ ਬੜੀ ਹੀ ਡਰਾਉਣੀ ਦਿਸ ਰਹੀ ਹੈ । ਸਾਡੇ ਸੂਦੇਸ਼ੀ ਨੌਜਵਾਨਾਂ ਦੀਆਂ ਵਿਚਾਰਾਂ ਤੇ ਸ੍ਰੀਰਕ ਸ਼ਕਤੀਆਂ ਦਿਨੋ ਦਿਨ ਨਸ਼ਟ ਹੁੰਦੀਆਂ ਜਾਂਦੀਆਂ ਦੇਖਕੇ ਬੜਾ ਹੀ ਦੁਖ ਉਪਜਦਾ ਹੈ । ਦੇਸ ਦੀਆਂ ਸਾਰੀਆਂ ਆਸਾਂ ਉਮੈਦਾਂ ਅਗੇਤ੍ਰ ਸੁਧਾਰ ਵਾਸਤੇ ਕੇਵਲ ਚੜ੍ਹਦੀ ਜਵਾਨੀ ਵਾਲੇ ਦੇਸ ਵਾਸੀਆਂ ਤੇ ਹੀ ਰੱਖੀਆਂ ਜਾਂਦੀਆਂ ਹਨ, ਜਿਨ੍ਹਾਂ ਨੇ ਵਡੇਰੇ ਹੋਕੇ ਸਾਰੇ ਦੇਸ, ਕੌਮ, ਕੁਲ ਅਤੇ ਰਾਜ ਪ੍ਰਬੰਧ ਦੇ ਸੁਖਦਾਈ ਕਾਰਜਾਂ ਦਾ ਭਾਰ ਆਪਣੇ ਮੋਢਿਆਂ ਤੇ ਸੰਭਾਲਨਾ ਹੁੰਦਾ ਹੈ । ਸਾਡੇ ਦੇਸ਼ ਵਿੱਚ ਇਤਨੇ ਕਲੇਸ਼ ਅਤੇ ਧੰਦੇ ਵਧੇ ਹੋਏ ਤੇ ਵਧ ਰਹੇ ਹਨ ਕਿ ਜਿਨ੍ਹਾਂ ਦੇ ਸੁਧਾਰ ਤੇ ਸੰਭਾਲੇ ਵਾਸਤੇ ਪੂਰਨ ਵਿਚਾਰ, ਦੂਰ ਅੰਦੇਸ਼ੀ ਅਤੇ ਪੂਰੇ ੨ ਉੱਦਮ ਦੀ ਲੋੜ ਹੈ । ਪਰ ਵਿਚਾਰ ਅਤੇ ਉੱਦਮ ਅਰੋਗਜਤਾ ਦੇ ਆਸਰੇ ਹੀ ਹੈ ਅਤੇ ਰਹਿ ਸਕਦੇ ਹਨ, ਕਿਉਂਕਿ ਜਿਸ ਦੀ ਅਰੋਗਜਤਾ ਚੰਗੀ ਦਸ਼ਾ ਵਿਚ ਹੋਵੇ ਓਹੋ ਹੀ ਪੱਕੇ ਦਿਲ ਵਾਲਾ ਤੇ ਚੰਗਾ ਉੱਦਮੀ ਹੁੰਦਾ ਹੈ । ਪਰ ਦੇਸ ਦੇ ਮੰਦੇ ਭਾਗਾਂ ਨੂੰ ਅੱਜ ਜਿਸ ਪਾਸੇ ਨਜ਼ਰ ਚੁਕਕੇ ਵੇਖਜਾ ਜਾਵੇ ਸਾਡੇ ਹੋਨਹਾਰ ਨੌਜਵਾਨਾਂ ਦੀ ਦਸ਼ਾ ਸਭ ਤਰਾਂ ਨਾਲ ਬੜੀ ਹੀ



ਸ਼ੋਕ ਵਾਲੀ ਦਿਸਦੀ ਹੈ । ਸਾਡੇ ਵਡੇ ਆਪਣੀ ਅਤੀ ਬ੍ਰਿਧ ਅਵਸਥਾ ਵਿਚ ਭੀ ਜੋ ਬਲ ਤੇ ਬਰਕਤਾਂ ਰਖਦੇ ਸਨ, ਹੁਣ ਤਾਂ ਓਹ ਸਾਡੇ ਜਵਾਨ ਭਰਾਵਾਂ ਦੀ ਚੜ੍ਹਦੀ ਜਵਾਨੀ ਵਿਚ ਭੀ ਨਹੀਂ ਹਨ । ਕੁਕਰਮਾਂ ਦੇ ਵਰਤਾਰੇ ਤੇ ਮੌਜੂਦਾ ਪੜ੍ਹਾਈ ਦੀ ਸਕੀਮ ਦੀ ਖਰਾਬੀ ਕਰਕੇ **ਭਾਰਤ ਸੰਤਾਨ ਘੁਣ ਖਾਧੇ ਕਾਠ ਦੀ ਤਰਾਂ ਨਿਰਬਲਤਾ ਦਾ ਸ਼ਿਕਾਰ ਹੋ ਰਹੀ ਹੈ।** ਏਸ ਡਾਢੀ ਭਯਾਨਕ ਅਵਸਥਾ ਦੇ ਸੁਧਾਰ ਵੱਲ ਬਹੁਤ ਹੀ ਛੇਤੀ ਧਿਆਨ ਕਰਨ ਦੀ ਲੋੜ ਹੈ, ਕਿਉਂਕਿ ਸਤਿਗੁਰੂ ਜੀ ਆਖਦੇ ਹਨ ਕਿ:-

"ਜੋਬਨ ਜਾਂਦਾ ਨਦਰ ਨ ਆਵਈ ਵੇਖੋ ਕੋ ਵਿਉਪਾਇ।"

ਜੋਬਨ ਪਲੋ ਪਲੀ ਵਿਚ ਛਲੀ ਚਲਾ ਜਾ ਰਿਹਾਹੈ ।

ਦੇਖੋ ਇਕ ਨੀਤੀਵਾਨ ਕਹਿੰਦਾ ਹੈ ਕਿ:-

"ਜੋਬਨ ਧਨ ਅਰ ਮੂੜ੍ਹਤਾ ਪ੍ਰਭੁਤਾ ਇਕ ਇਕ ਜੋਇ।
ਅਤਿ ਅਨਰਥ ਕਾਰੀ ਅਹੈਂ ਜਹਿ ਇਕੱਤ੍ਰ ਤਹਿੰ ਕੋਇ।"

ਅਰਥਾਤ--ਜਵਾਨੀ, ਅਮੀਰੀ, ਵਡਿਆਈ ਅਰ ਮੂਰਖਤਾ, ਇਹਨਾਂ ਵਿਚੋਂ ਵਿਚਾਰਹੀਨ ਪਾਸ ਇਕ ਇਕ ਭੀ ਬਹੁਤ ਅਨਰਥ ਕਰਨ ਵਾਲੀਆਂ ਹਨ, ਪਰ ਜਿਥੇ ਇਹ ਚਾਰੇ ਹੀ ਮਿਲ ਜਾਵਨ ਓਥੋਂ ਦਾ ਕੀਹ ਟਿਕਾਣਾ ਹੈ ? ਏਸ ਦਲਿੱਦ੍ਰੀ (ਕੰਗਾਲ) ਦੇਸ ਵਿਚ ਧਨ ਅਰ ਵਡਿਆਈ ਤਾਂ ਵਿਰਲਿਆਂ ਦੇ ਹੀ ਪਾਸ ਹੈ, ਪਰ ਜਵਾਨੀ ਅਰ ਮੂਰਖਤਾ ਨਾਲ ਸਾਡੇ ਬੇਅੰਤ ਜਵਾਨ ਕੁਕਰਮਾਂ ਦੇ ਘੁੰਮਣਘੇਰ ਵਿਚ ਪੈਕੇ ਦੇਸ, ਕੌਮ, ਕੁਲ ਅਤੇ ਰਾਜ ਵਾਸਤੇ ਕਲੰਕ ਦਾ ਕਾਰਨ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.